**ਮਿਤੀ 27.04.2023 ਨੂੰ ਮੈਸ. ਨੈਸ੍ਹਨਲ ਫਰਟੀਲਾਈਜ਼ਰਜ਼ ਲਿਮਟਿਡ, ਯੂਨਿਟ ਨੰਗਲ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਵੱਲੋਂ ਨੈਨੋ ਯੂਰੀਆ @ 75 ਕੇ.ਐਲ.ਡੀ. ਦੇ ਉਤਪਾਦਨ ਲਈ ਮੌਜੂਦਾ ਪਲਾਂਟ ਵਿੱਚ ਯੂਨਿਟ ਦੇ ਵਿਸਥਾਰ ਲਈ ਦਾਇਰ ਅਰਜ਼ੀ ਦੇ ਸਬੰਧ ਵਿੱਚ ਕੀਤੀ ਗਈ ਜਨਤਕ ਸੁਣਵਾਈ ਦੀ ਕਾਰਵਾਈ।**

ਕਾਰਵਾਈ ਦੀ ਨਿਗਰਾਨੀ ਕਰਨ ਲਈ ਹੇਠ ਲਿਖੇ ਵਿਅਕਤੀ ਮੌਜੂਦ ਸਨ:

1. ਸ਼੍ਰੀਮਤੀ ਹਰਜੋਤ ਕੌਰ, ਪੀ.ਸੀ.ਐਸ,
   ਵਧੀਕ ਡਿਪਟੀ ਕਮਿਸ਼ਨਰ (ਜ),
   ਜ਼ਿਲ੍ਹਾ ਰੂਪਨਗਰ।

2. ਸ਼੍ਰੀ ਵਿਜੈ ਕੁਮਾਰ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਰੂਪਨਗਰ।

3. ਸ਼੍ਰੀ ਹਰਸਿਮਰਨ ਸਿੰਘ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਰੂਪਨਗਰ।

4. ਸ਼੍ਰੀ ਕੁਲਦੀਪ ਚੰਦ,
   ਬਲਾਕ ਪੱਧਰੀ ਐਕਸਟੈਂਸ਼ਨ ਅਫਸਰ,
   ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗਿਕ ਕੇਂਦਰ,
   ਐਸ.ਏ.ਐਸ. ਨਗਰ, ਮੋਹਾਲੀ।

ਸ਼੍ਰੀ ਤਜਿੰਦਰ ਕੁਮਾਰ, ਡਿਪਟੀ ਮੈਨੇਜਰ, ਮੈਸ. ਨੈਸ਼ਨਲ ਫਰਟੀਲਾਈਜ਼ਰਸ ਲਿਮਟਿਡ, ਨੰਗਲ ਯੂਨਿਟ ਨੇ ਵਧੀਕ ਡਿਪਟੀ ਕਮਿਸ਼ਨਰ (ਜ), ਰੂਪਨਗਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਅਤੇ ਆਸ-ਪਾਸ ਦੇ ਪਿੰਡਾਂ ਤੋਂ ਆਏ ਸਾਰੇ ਲੋਕਾਂ ਦਾ ਕੰਪਨੀ ਦੀ ਮੌਜੂਦਾ ਨਿਰਮਾਣ ਸਮਰੱਥਾ ਤੋਂ ਇਲਾਵਾ ਨੈਨੋ ਯੂਰੀਆ @ 75 ਕੇ.ਐਲ.ਡੀ. ਦੇ ਨਿਰਮਾਣ ਲਈ ਮੌਜੂਦਾ ਇਕਾਈ ਦੀ ਜਗ੍ਹਾਂ ਵਿੱਚ ਵਾਧਾ ਕਰਨ ਲਈ ਰੱਖੀ ਜਨਤਕ ਸੁਣਵਾਈ ਵਿੱਚ ਆਉਣ ਲਈ ਸਵਾਗਤ ਕੀਤਾ।

ਇਸ ਤੋਂ ਬਾਅਦ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਰੂਪਨਗਰ ਨੇ ਮੈਸ. ਨੈਸ਼ਨਲ ਫਰਟੀਲਾਈਜ਼ਰਸ ਲਿਮਟਿਡ, ਨੰਗਲ ਯੂਨਿਟ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਦੇ ਮੌਜੂਦਾ ਇਕਾਈ ਦੀ ਜਗ੍ਹਾਂ ਵਿੱਚ ਹੋਣ ਵਾਲੇ ਯੂਨਿਟ ਦੇ ਵਿਸਥਾਰ ਬਾਰੇ ਜਨਤਕ ਸੁਣਵਾਈ ਵਿੱਚ ਸ਼ਾਮਲ ਲੋਕਾਂ ਨੂੰ ਦੱਸਿਆ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਮੈਸ. ਨੈਸ਼ਨਲ ਫਰਟੀਲਾਈਜ਼ਰਸ ਲਿਮਟਿਡ, ਯੂਨਿਟ ਨੰਗਲ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਦੁਆਰਾ EIA ਨੋਟੀਫਿਕੇਸ੍ਹਨ ਨੰਬਰ 1533 (ਈ) ਮਿਤੀ 14.09.2006 ਦੇ ਤਹਿਤ ਵਾਤਾਵਰਣ ਕਲੀਅਰੈਂਸ ਪ੍ਰਾਪਤ ਕਰਨ ਲਈ MoEF&CC, ਨਵੀਂ ਦਿੱਲੀ, ਪੰਜਾਬ ਕੋਲ ਇੱਕ ਅਰਜ਼ੀ ਦਾਇਰ ਕੀਤੀ ਗਈ ਹੈ। ਇਹ ਪ੍ਰੋਜੈਕਟ EIA ਨੋਟੀਫਿਕੇਸ੍ਹਨ ਨੰਬਰ 1533 (ਈ) ਮਿਤੀ 14.09.2006 ਦੇ ਤਹਿਤ ਕਵਰ ਕੀਤਾ ਗਿਆ ਹੈ ਅਤੇ ਇਸ ਲਈ MoEF&CC, ਨਵੀਂ ਦਿੱਲੀ ਤੋਂ ਵਾਤਾਵਰਣ ਕਲੀਅਰੈਂਸ ਪ੍ਰਾਪਤ ਕਰਨ ਦੀ ਲੋੜ ਹੈ। ਸੰਦਰਭ ਦੀਆਂ ਸ਼ਰਤਾਂ MoEF&CC, ਨਵੀਂ ਦਿੱਲੀ ਦੁਆਰਾ ਵਾਈਡ ਨੰ. IA-J-11011/146/2012-IA-II (I) ਮਿਤੀ 03.08.2021 ਰਾਹੀਂ ਜਾਰੀ ਕੀਤੀਆਂ ਗਈਆਂ ਹਨ। ਪ੍ਰੋਜੈਕਟ ਪ੍ਰਸਤਾਵਕ ਨੇ 14.09.2006 ਦੀ EIA ਨੋਟੀਫਿਕੇਸ੍ਹਨ ਵਿੱਚ ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ ਪ੍ਰਜੈਕਟ ਦੀ ਜਨਤਕ ਸੁਣਵਾਈ ਕਰਨ ਲਈ ਪੰਜਾਬ ਪ੍ਰਦੂਸ੍ਹਣ ਰੋਕਥਾਮ ਬੋਰਡ ਨੂੰ ਡਰਾਫਟ EIA ਅਧਿਐਨ ਰਿਪੋਰਟ ਪੇਸ਼ ਕੀਤੀ ਸੀ ਅਤੇ ਉੱਥੇ ਮੌਜੂਦ ਲੋਕਾਂ ਨੂੰ ਜਨਤਕ ਸੁਣਵਾਈ ਕਰਨ ਦੀ ਜ਼ਰੂਰਤ ਬਾਰੇ ਵੀ ਜਾਣੂ ਕਰਵਾਇਆ ਸੀ। ਜਨਤਕ ਸੁਣਵਾਈ ਦਾ ਨੋਟਿਸ ਮਿਤੀ 25.03.2023 ਨੂੰ ਪ੍ਰਮੁੱਖ ਅਖਬਾਰ 'ਹਿੰਦੁਸਤਾਨ

Scanned with CamScanner

ਟਾਈਮਜ਼' ਅਤੇ 'ਪੰਜਾਬੀ ਟ੍ਰਿਬਿਊਨ' ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ ਤਾਂ ਜੋ ਲੋਕਾਂ ਨੂੰ ਜਨਤਕ ਸੁਣਵਾਈ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਜਾਣੂ ਕਰਵਾਇਆ ਜਾ ਸਕੇ।

ਇਸ ਤੋਂ ਬਾਅਦ ਸ਼੍ਰੀ ਤਜਿੰਦਰ ਕੁਮਾਰ, ਡਿਪਟੀ ਮੈਨੇਜਰ ਨੇ ਪ੍ਰੋਜੈਕਟ ਪ੍ਰਸਤਾਵਕ ਦੇ ਨੁਮਾਇੰਦੇ, ਜੋ ਉਦਯੋਗ ਦਾ ਵਾਤਾਵਰਣ ਸਲਾਹਕਾਰ ਹੈ, ਨੂੰ ਬੇਨਤੀ ਕੀਤੀ ਕਿ ਉਹ ਪ੍ਰੋਜੈਕਟ ਦੀ ਮੁੱਖ ਵਿਸ਼ੇਸ਼ਤਾ ਅਤੇ ਵਾਧੂ ਪ੍ਰਦੂਸ਼ਣ ਲੋਡ ਦੇ ਮੁਲਾਂਕਣ ਅਤੇ ਇਸ ਦੇ ਘਟਾਉਣ ਦੇ ਉਪਾਵਾਂ ਬਾਰੇ ਵਿਸਥਾਰ ਨਾਲ ਦੱਸੇ। ਮੈਸ. ਮੈਨਟੇਕ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ, ਐਨਵਾਇਰਮੈਂਟ ਡਿਵੀਜ਼ਨ, ਡੀ-36, ਸੈਕਟਰ-6, ਨੋਇਡਾ-201 301, ਯੂ.ਪੀ. ਵੱਲੋਂ ਉਦਯੋਗ ਦੀ ਵਾਤਾਵਰਣ ਸਲਾਹਕਾਰ ਸ਼੍ਰੀਮਤੀ ਰਿਚਾ ਗੁਪਤਾ ਨੇ ਲੋਕਾਂ ਦੇ ਸਾਹਮਣੇ ਪ੍ਰੋਜੈਕਟ ਦੀ ਵਿਸਥਾਰ ਯੋਜਨਾ ਦੇ ਵੇਰਵੇ ਪੇਸ਼ ਕੀਤੇ, ਜੋ ਹੇਠ ਅਨੁਸਾਰ ਹੈ:

ਇਕਾਈ ਨਯਾ ਨੰਗਲ, ਜ਼ਿਲ੍ਹਾ ਰੂਪਨਗਰ ਦੇ ਮਾਲ ਅਸਟੇਟ ਵਿੱਚ ਲਗਭਗ 500 ਏਕੜ ਦੇ ਖੇਤਰ ਵਿੱਚ ਸਥਿਤ ਇੱਕ ਮੌਜੂਦਾ ਯੂਨਿਟ ਹੈ ਅਤੇ ਅਮੋਨੀਆ @ 950 MTD, ਯੂਰੀਆ @ 1450 MTD, ਨਾਈਟਰਿਕ ਐਸਿਡ @ 554 MTD, ਮਿਥੇਨੌਲ @ 67 MTD ਤੇ ਅਮੋਨੀਅਮ ਨਾਈਟਰੇਟ @ 690 MTD ਉਤਪਾਦਾਂ ਵਜੋਂ ਅਤੇ ਸੋਡੀਅਮ ਨਾਈਟਰਾਈਟ @ 9 MTD ਤੇ ਸੋਡੀਅਮ ਨਾਈਟਰੇਟ @ 6 MTD ਉਪ-ਉਤਪਾਦਾਂ ਵਜੋਂ, ਦਾ ਨਿਰਮਾਣ ਕਰਦੀ ਹੈ। ਹੁਣ, ਉਦਯੋਗ ਨੇ ਮੌਜੂਦਾ ਨਿਰਮਾਣ ਸਮਰੱਥਾ ਤੋਂ ਇਲਾਵਾ ਨੈਨੋ ਯੂਰੀਆ @ 75 ਕੇ.ਐਲ.ਡੀ. ਦੇ ਨਿਰਮਾਣ ਲਈ ਮੌਜੂਦਾ ਇਕਾਈ ਵਿੱਚ ਵਿਸਥਾਰ ਕਰਨ ਦਾ ਪ੍ਰਸਤਾਵ ਕੀਤਾ ਹੈ।

ਉਦਯੋਗ ਨੂੰ ਪਾਣੀ ਦੀ ਮੌਜੂਦਾ ਲੋੜ 74,400 ਕੇ.ਐਲ.ਡੀ. ਹੈ ਜਿਸ ਨੂੰ 85 ਕੇ.ਐਲ.ਡੀ. ਵਧਾ ਦਿੱਤਾ ਜਾਵੇਗਾ, ਇਸ ਤਰ੍ਹਾਂ ਕੁੱਲ ਲੋੜ 74,485 ਕੇ.ਐਲ.ਡੀ. ਹੋ ਜਾਵੇਗਾ, ਜੋ ਕਿ ਸਤਲੁਜ ਦਰਿਆ ਵਿੱਚੋਂ ਲਿਆ ਜਾਵੇਗਾ। ਜਿੱਥੋਂ ਤੱਕ ਪਾਣੀ ਦੇ ਪ੍ਰਦੂਸ਼ਣ ਦਾ ਸਬੰਧ ਹੈ, ਉਦਯੋਗ ਇੱਕ Zero Liquid Discharge (ZLD) ਯੂਨਿਟ ਹੈ ਕਿਉਂਕਿ ਗੰਦੇ ਪਾਣੀ ਨੂੰ ਟਰੀਟ ਕਰਨ ਤੋਂ ਬਾਅਦ ਪ੍ਰਕਿਰਿਆ ਵਿੱਚ ਵਾਪਸ ਵਰਤਿਆ ਜਾਂਦਾ ਹੈ। ਮੌਜੂਦਾ ਸੈੱਟਅਪ ਵਿੱਚ ਗੰਦਾ ਪਾਣੀ ਸਿਰਫ ਬਾਇਲਰ ਬਲੋ-ਡਾਊਨ, ਡੀਐਮ ਪਲਾਂਟ ਰੀ-ਜਨਰੇਸ਼ਨ, ਅਮੋਨੀਆ ਹਾਈਡੋਲਿਸਿਸ, ਯੂਰੀਆ ਪਲਾਂਟ ਅਤੇ ਨਾਈਟਰਿਕ ਐਸਿਡ ਪਲਾਂਟ ਤੋਂ ਹੈ। ਉਦਯੋਗ ਵੱਲੋਂ ਪੈਦਾ ਕੀਤੇ ਜਾ ਰਹੇ ਗੰਦੇ ਪਾਣੀ ਦੇ ਟਰੀਟਮੈਂਟ ਲਈ ਮੌਜੂਦਾ ਈ.ਟੀ.ਪੀ. ਹੈ। ਮੌਜੂਦਾ ਈਟੀਪੀ ਵਿੱਚ ਨਿਊਟਰਲਾਈਜੇਸ਼ਨ-ਕਮ-ਪੀਐਚ ਬੈਲੇਂਸਿੰਗ ਪਲਾਂਟ ਦੇ ਨਾਲ ਥਰਮਲ ਹਾਈਡਰੋਲਿਸਿਸ ਹੈ। ਉਦਯੋਗ ਸਟੀਮ ਜਨਰੇਸ਼ਨ ਪਲਾਂਟ ਵਿੱਚ ਸੁਆਹ ਪੈਦਾ ਕਰਨ ਵਾਲੇ ਟੋਭੇ ਵਿੱਚ ਸੁਆਹ ਪੈਦਾ ਕਰਨ ਲਈ 100% ਟਰੀਟਿਡ ਗੰਦੇ ਪਾਣੀ ਦੀ ਮੁੜ ਵਰਤੋਂ ਕਰਦਾ ਹੈ। 85 ਕੇ.ਐਲ.ਡੀ. ਤਾਜ਼ੇ ਪਾਣੀ ਦੀ ਵਾਧੂ ਖਪਤ ਮੁੱਖ ਤੌਰ ਤੇ ਰਿਐਕਟਰ ਵਾਸ਼/ ਫਲੋਰ ਵਾਸ਼ ਤੋਂ ਹੋਵੇਗੀ ਅਤੇ Zero Liquid Discharge ਲਈ ਨੈਨੋ ਯੂਰੀਆ ਪਲਾਂਟ ਵਿੱਚ 01 ਕੇ.ਐਲ.ਡੀ. ਕਮ ਨਿਊਟਰਲਾਈਜੇਸ਼ਨ ਟੈਂਕ ਦੀ ਸਮਰੱਥਾ ਦਾ ਇੱਕ ਵੱਖਰਾ ਇਫਲੂਐਂਟ ਟਰੀਟਮੈਂਟ ਸਿਸਟਮ (ETS) ਲਗਾਇਆ ਜਾਵੇਗਾ। ਇਸ ਲਈ ਗੰਦੇ ਪਾਣੀ ਦਾ ਵਾਧੂ ਉਤਪਾਦਨ ਸਿਰਫ ਰਿਐਕਟਰ ਵਾਸ਼/ ਫਲੋਰ ਵਾਸ਼ ਆਦਿ ਤੋਂ ਹੀ ਹੋਵੇਗਾ। ਇਸੇ ਤਰ੍ਹਾਂ ਨਗਰ ਕੌਂਸਲ, ਨੰਗਲ ਦੇ ਮੌਜੂਦਾ ਐਸਟੀਪੀ ਵਿੱਚ ਘਰੇਲੂ ਸਰੋਤਾਂ ਤੋਂ ਗੰਦੇ ਪਾਣੀ ਦੀ ਪੈਦਾਵਾਰ ਦਾ ਧਿਆਨ ਰੱਖਿਆ ਜਾਵੇਗਾ ਜਿਸ ਵਿੱਚ 10 ਕੇ.ਐਲ.ਡੀ ਦੇ ਵਾਧੂ ਲੋਡ ਦੀ ਸੰਭਾਲ ਕਰਨ ਦੀ ਸਮਰੱਥਾ ਹੈ।।

ਮੌਜੂਦਾ ਕੋਲੇ ਅਤੇ ਕੁਦਰਤੀ ਗੈਸ ਨਾਲ ਚੱਲਣ ਵਾਲੇ ਬੁਆਇਲਰਾਂ ਦੇ ਨਾਲ, ਉਦਯੋਗ ਨੇ ਨਾਈਟਰਿਕ ਐਸਿਡ ਪਲਾਂਟ ਦੇ ਨਾਲ ਹਵਾ ਪ੍ਰਦੂਸ਼ਣ ਕੰਟਰੋਲ ਯੰਤਰਾਂ (APCDs) ਦੇ ਤੌਰ ਤੇ Electrostatic Precipitators (ESPs) ਅਤੇ 02 ਸਟੇਜ ਅਲਕਲੀ ਸਕਰਬਰਸ ਸਥਾਪਿਤ ਕੀਤੇ ਹਨ। ਉਦਯੋਗ ਨੇ ਹਵਾ ਪ੍ਰਦੂਸ਼ਣ ਨੂੰ ਨਿਯੰਤਰਿਤ ਕਰਨ ਲਈ ਢੁਕਵੇਂ ਨਿਯੰਤਰਣ ਉਪਾਵਾਂ ਦਾ ਪ੍ਰਸਤਾਵ ਕੀਤਾ ਹੈ। ਨੈਨੋ ਯੂਰੀਆ ਪਲਾਂਟ ਦੇ ਪ੍ਰਸਤਾਵਿਤ ਵਿਸਥਾਰ ਨਾਲ, ਨੈਨੋ-ਯੂਰੀਆ ਦੀ ਫਾਰਮੂਲੇਸ਼ਨ ਪ੍ਰਕਿਰਿਆ ਦੀ ਐਂਡੋਥਰਮਿਕ ਪ੍ਰਕਿਰਤੀ ਅਤੇ ਸਥਿਰ ਨੈਨੋ ਖਾਦ ਦੇ ਉਤਪਾਦਨ ਦੇ ਕਾਰਨ, ਅਜਿਹੀ ਕੋਈ ਹਵਾ ਨਿਕਾਸ ਨਹੀਂ ਹੋਵੇਗੀ।

Scanned with CamScanner

ਉਦਯੋਗ ਦੀ ਮੌਜੂਦਾ ਪ੍ਰੋਜੈਕਟ ਲਾਗਤ 1876.34 ਕਰੋੜ ਹੈ। ਪ੍ਰਸਤਾਵਿਤ ਵਿਸਥਾਰ ਤੇ 257 ਕਰੋੜ ਰੁਪਏ ਖਰਚ ਹੋਣਗੇ। ਇਸ ਤਰ੍ਹਾਂ ਵਿਸਥਾਰ ਤੋਂ ਬਾਅਦ ਕੁੱਲ ਨਿਵੇਸ਼ 2133.34 ਕਰੋੜ ਰੁਪਏ ਹੋ ਜਾਵੇਗਾ।

ਮੌਜੂਦਾ ਯੂਨਿਟ ਵਿੱਚ ਕੁੱਲ ਪਲਾਂਟੇਸ਼ਨ ਖੇਤਰ ਮੈਸ. ਐਨ.ਐਫ.ਐਲ ਦੇ ਖੇਤਰ ਦਾ 33% ਹੈ ਅਤੇ ਪ੍ਰਸਤਾਵਿਤ ਵਿਸਥਾਰ ਨਾਲ ਪ੍ਰੋਜੈਕਟ ਦੇ ਕੁੱਲ ਖੇਤਰ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਉਦਯੋਗ ਨੇ ਗਰੀਨ ਬੈਲਟ ਅਧੀਨ ਰਕਬਾ ਵਧਾ ਕੇ 33.3% ਕਰਨ ਦਾ ਪ੍ਰਸਤਾਵ ਕੀਤਾ ਹੈ। ਇਸ ਲਈ ਗਰੀਨ ਬੈਲਟ ਦੇ ਅਧੀਨ ਕੁਝ ਖੇਤਰ ਦੀ ਹੱਦਬੰਦੀ ਕੀਤੀ ਗਈ ਹੈ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਨੇ ਸੁਣਵਾਈ ਵਿੱਚ ਹਾਜ਼ਰ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਕਿ 14.09.2006 ਦੀ EIA ਨੋਟੀਫਿਕੇਸ਼ਨ ਦੇ ਉਪਬੰਧਾਂ ਦੇ ਅਨੁਸਾਰ, ਜਨਤਕ ਸੁਣਵਾਈ ਵਿੱਚ ਮੌਜੂਦ ਵਿਅਕਤੀ ਉਦਯੋਗ ਤੋਂ ਪ੍ਰੋਜੈਕਟ ਬਾਰੇ ਕੋਈ ਵੀ ਜਾਣਕਾਰੀ ਜਾਂ ਸਪਸ਼ਟੀਕਰਨ ਮੰਗ ਸਕਦੇ ਹਨ। ਉਥੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਉਨ੍ਹਾਂ ਵੱਲੋਂ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਵੱਲੋਂ ਦਿੱਤੇ ਗਏ ਜਵਾਬ ਨੂੰ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤਾ ਜਾਵੇਗਾ ਜੋ ਕਿ ਵਾਤਾਵਰਣ, ਜੰਗਲਾਤ ਤੇ ਮੌਸਮ ਮੰਤਰਾਲਾ, ਨਵੀਂ ਦਿੱਲੀ ਨੂੰ ਇੰਨ-ਬਿੰਨ ਰੂਪ ਵਿੱਚ ਭੇਜਿਆ ਜਾਵੇਗਾ। ਇਸ ਤੋਂ ਬਾਅਦ ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਸੁਣਵਾਈ ਵਿੱਚ ਹਾਜ਼ਰ ਵਿਅਕਤੀਆਂ ਨੂੰ ਇੱਕ-ਇੱਕ ਕਰਕੇ ਜਾਣਕਾਰੀ ਜਾਂ ਸਪਸ਼ਟੀਕਰਨ ਮੰਗਣ ਦੀ ਬੇਨਤੀ ਕੀਤੀ।

ਇਸ ਤੇ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ/ਸਪਸ਼ਟੀਕਰਨ ਅਤੇ ਉਦਯੋਗ ਦੁਆਰਾ ਦਿੱਤੇ ਗਏ ਜਵਾਬ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ. | ਵਿਅਕਤੀ ਦਾ ਨਾਮ ਅਤੇ ਪਤਾ | ਵਿਅਕਤੀ ਦੁਆਰਾ ਮੰਗੀ ਗਈ ਪੁੱਛਗਿੱਛ/ ਬਿਆਨ / ਜਾਣਕਾਰੀ / ਸਪਸ਼ਟੀਕਰਨ ਦੇ ਵੇਰਵੇ | ਪ੍ਰੋਜੈਕਟ ਪ੍ਰਸਤਾਵਕ ਦੁਆਰਾ ਦਿੱਤੀ ਗਈ ਪੁੱਛਗਿੱਛ/ ਬਿਆਨ/ ਜਾਣਕਾਰੀ/ ਸਪਸ਼ਟੀਕਰਨ ਦਾ ਜਵਾਬ |
|---|---|---|---|
| 1 | ਸ਼੍ਰੀ ਜਸਵਿੰਦਰ ਸਿੰਘ ਪੁੱਤਰ ਸ਼੍ਰੀ ਸੋਹਨ ਸਿੰਘ, ਪਿੰਡ ਰਾਏਪੁਰ ਸਹੋੜਾ, ਊਨਾ, ਹਿਮਾਚਲ ਪ੍ਰਦੇਸ਼ | ਕੀ ਇਹ ਪ੍ਰਸਤਾਵਿਤ ਨੈਨੋ ਯੂਰੀਆ ਅੱਜ੍ਕੱਲ੍ਹ ਵਰਤੇ ਜਾ ਰਹੇ ਯੂਰੀਆ ਦੀ ਥਾਂ ਲਵੇਗਾ? | ਨਹੀਂ, ਨੈਨੋ ਯੂਰੀਆ ਪੂਰੀ ਤਰ੍ਹਾਂ ਯੂਰੀਆ ਦੀ ਥਾਂ ਨਹੀਂ ਲਵੇਗਾ ਜੋ ਵਰਤਮਾਨ ਵਿੱਚ ਵਰਤਿਆ ਜਾਂਦਾ ਹੈ ਕਿਉਂਕਿ ਨੈਨੋ ਯੂਰੀਆ ਤਰਲ ਰੂਪ ਵਿੱਚ ਹੁੰਦਾ ਹੈ, ਸਿਰਫ ਫਸਲ ਦੇ ਕੁਝ ਵਾਧੇ ਤੋਂ ਬਾਅਦ ਵਰਤਿਆ ਜਾਵੇਗਾ। ਨੈਨੋ ਯੂਰੀਆ ਦਾ ਮੁੱਖ ਸੋਖਣ ਤੰਤਰ ਪੱਤਿਆਂ ਰਾਹੀਂ ਹੁੰਦਾ ਹੈ ਅਤੇ ਇਸ ਲਈ ਪਹਿਲਾਂ ਤੋਂ ਮੌਜੂਦ ਕਰਿਸਟਲ ਯੂਰੀਆ ਦੇ ਨਾਲ ਵਰਤਿਆ ਜਾਵੇਗਾ। |
| 2 | ਸ਼੍ਰੀ ਗੁਰਦੇਵ ਚੱਢਾ, ਸਰਪੰਚ ਪਿੰਡ ਕੁਲਗਰਾਂ, ਤਹਿਸੀਲ ਨੰਗਲ, ਰੂਪਨਗਰ | ਯੂਰੀਆ ਦੀ ਸਿਖਰ ਮੰਗ ਦੇ ਦੌਰਾਨ ਕਿਸਾਨਾਂ ਨੂੰ ਯੂਰੀਆ ਆਸਾਨੀ ਨਾਲ ਉਪਲਬਧ ਨਹੀਂ ਹੈ ਹਾਲਾਂਕਿ ਸਾਡੇ ਪਿੰਡਾਂ ਦੇ ਨੇੜੇ-ਤੇੜੇ ਦੇ ਖੇਤਰਾਂ ਵਿੱਚ ਤਿਆਰ ਕੀਤਾ ਜਾ ਰਿਹਾ ਹੈ, ਇੱਥੇ | ਨੇੜਲੇ ਕਿਸਾਨਾਂ ਲਈ ਸੇਲ ਆਊਟਲੈਟ ਖੋਲ੍ਹਣ ਦੀ ਤਜਵੀਜ਼ ਨੂੰ ਲੈ ਕੇ ਉਦਯੋਗ ਦੇ ਪ੍ਰਬੰਧਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਅਤੇ ਯੂਰੀਆ ਦੀ ਘਾਟ ਸਬੰਧੀ |

Scanned with CamScanner

| | | | |
|---|---|---|---|
| | | ਇੱਕ ਸਥਾਨਕ ਵਿਕਰੀ ਸਥਾਨ ਹੋਣਾ ਚਾਹੀਦਾ ਹੈ ਤਾਂ ਜੋ ਨੇੜਲੇ ਪਿੰਡਾਂ ਵਿੱਚ ਯੂਰੀਆ ਦੀ ਉਪਲਬਧਤਾ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। | ਸਮੱਸਿਆ ਨੂੰ ਜਲਦੀ ਹੀ ਹੱਲ ਕਰ ਲਿਆ ਜਾਵੇਗਾ। |
| | | ਕੀ ਨੈਨੋ ਯੂਰੀਆ ਪਲਾਂਟ ਦੇ ਪ੍ਰਸਤਾਵਿਤ ਵਿਸਥਾਰ ਨਾਲ ਪ੍ਰਕਿਰਿਆ ਤੋਂ ਪੈਦਾ ਹੋਣ ਵਾਲੇ ਗੰਦੇ ਪਾਣੀ ਨੂੰ ਸਤਲੁਜ ਦਰਿਆ ਵਿੱਚ ਛੱਡਿਆ ਜਾਵੇਗਾ ਅਤੇ ਕਿਸਾਨਾਂ ਨੂੰ ਖ਼ਤਰਾ ਹੋਵੇਗਾ? | ਨੈਨੋ ਯੂਰੀਆ ਪਲਾਂਟ ਦੇ ਪ੍ਰਸਤਾਵਿਤ ਵਿਸਥਾਰ ਨਾਲ ਬਹੁਤ ਘੱਟ ਗੰਦੇ ਪਾਣੀ ਦੀ ਪੈਦਾਵਾਰ ਹੋਵੇਗੀ ਅਤੇ ਪੈਦਾ ਹੋਣ ਵਾਲੇ ਗੰਦੇ ਪਾਣੀ ਨੂੰ ਇੱਕ ਵੱਖਰੇ ਐਫਲੂਐਂਟ ਟਰੀਟਮੈਂਟ ਸਿਸਟਮ ਵਿੱਚ ਟਰੀਟ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਸਤਲੁਜ ਦਰਿਆ ਵਿੱਚ ਕਿਸੇ ਵੀ ਕਿਸਮ ਦਾ ਗੰਦਾ ਪਾਣੀ ਨਹੀਂ ਛੱਡਿਆ ਜਾਵੇਗਾ। |

ਇਸ ਤੋਂ ਬਾਅਦ ਸ਼੍ਰੀ ਤਜਿੰਦਰ ਕੁਮਾਰ, ਡਿਪਟੀ ਮੈਨੇਜਰ, ਮੈਸ. ਐਨ.ਐਫ.ਐਲ. ਨੇ ਉਨ੍ਹਾਂ ਲੋਕਾਂ ਨੂੰ ਆਪਣੇ ਹੱਥ ਖੜ੍ਹੇ ਕਰਨ ਲਈ ਕਿਹਾ ਜੋ ਇਸ ਪ੍ਰੋਜੈਕਟ ਦੇ ਵਿਸਥਾਰ ਦੇ ਹੱਕ ਵਿੱਚ ਨਹੀਂ ਹਨ ਅਤੇ ਕਿਸੇ ਨੇ ਵੀ ਮੌਜੂਦਾ ਪ੍ਰੋਜੈਕਟ ਦੇ ਵਿਸਥਾਰ ਦੇ ਵਿਰੁੱਧ ਹੱਥ ਨਹੀਂ ਉਠਾਇਆ। ਦੁਬਾਰਾ ਫਿਰ, ਸ਼੍ਰੀ ਤਜਿੰਦਰ ਕੁਮਾਰ ਨੇ ਉਨ੍ਹਾਂ ਲੋਕਾਂ ਨੂੰ ਹੱਥ ਖੜ੍ਹੇ ਕਰਨ ਲਈ ਕਿਹਾ ਜੋ ਇਸ ਵਿਸਥਾਰ ਦੇ ਹੱਕ ਵਿੱਚ ਹਨ ਤੇ ਲਗਭਗ 300 ਲੋਕਾਂ ਨੇ ਪ੍ਰਸਤਾਵਿਤ ਪ੍ਰੋਜੈਕਟ ਦੇ ਵਿਸਥਾਰ ਦੇ ਹੱਕ ਵਿੱਚ ਆਪਣੇ ਹੱਥ ਖੜ੍ਹੇ ਕੀਤੇ। ਸਾਰੀ ਕਾਰਵਾਈ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ।

ਜਨਤਕ ਸੁਣਵਾਈ ਧੰਨਵਾਦ ਵਿੱਚ ਸਮਾਪਤ ਹੋਈ।

**(ਹਰਸਿਮਰਨ ਸਿੰਘ),**
ਸਹਾਇਕ ਵਾਤਾਵਰਣ ਇੰਜੀਨੀਅਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਖੇਤਰੀ ਦਫਤਰ, ਰੂਪਨਗਰ

**(ਵਿਜੈ ਕੁਮਾਰ)**
ਵਾਤਾਵਰਣ ਇੰਜੀਨੀਅਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਖੇਤਰੀ ਦਫਤਰ, ਰੂਪਨਗਰ

**(ਕੁਲਦੀਪ ਚੰਦ, ਬੀ.ਐਲ.ਈ.ਓ)**
ਦਫਤਰ ਜਨਰਲ ਮੈਨੇਜਰ,
ਡੀ.ਆਈ.ਸੀ, ਐਸ.ਏ.ਐਸ ਨਗਰ

**(ਹਰਜੋਤ ਕੌਰ, ਪੀ.ਸੀ.ਐਸ)**
ਵਧੀਕ ਡਿਪਟੀ ਕਮਿਸ਼ਨਰ (ਜ)
ਜ਼ਿਲ੍ਹਾ ਰੂਪਨਗਰ

Scanned with CamScanner